Australian Government
Aged Care Quality and Safety Commission

Aged care reforms

# ਬਜ਼ੁਰਗਾਂ ਦੀ ਦੇਖਭਾਲ ਵਾਸਤੇ ਵਿਵਹਾਰ ਦਾ ਜ਼ਾਬਤਾ

ਬਜ਼ੁਰਗਾਂ ਦੀ ਦੇਖਭਾਲ ਵਾਸਤੇ ਵਿਵਹਾਰ ਦਾ ਜ਼ਾਬਤਾ (Code of Conduct for Aged Care) ਇਸ ਬਾਰੇ ਦੱਸਦਾ ਹੈ ਕਿ ਤੁਹਾਡੇ ਲਈ ਇਹ ਲਾਜ਼ਮੀ ਹੈ ਕਿ ਖਪਤਕਾਰਾਂ ਨਾਲ ਕਿਵੇਂ ਵਰਤਾਅ ਅਤੇ ਵਿਵਹਾਰ ਕਰਨਾ ਹੈ। ਇਸ ਵਿੱਚ ਹੇਠਾਂ ਦਿੱਤੇ 8 ਤੱਤ ਸ਼ਾਮਲ ਹਨ।

**A.**

ਲਾਗੂ ਹੋਣ ਵਾਲੇ ਕਾਨੂੰਨਾਂ ਅਤੇ ਰਵਾਇਤਾਂ ਦੇ ਅਨੁਸਾਰ ਪ੍ਰਗਟਾਵੇ, ਸਵੈ-ਨਿਰਣੇ ਅਤੇ ਫ਼ੈਸਲੇ ਕਰਨ ਦੀ ਆਜ਼ਾਦੀ ਵਾਸਤੇ ਲੋਕਾਂ ਦੇ ਅਧਿਕਾਰਾਂ ਲਈ ਆਦਰ ਨਾਲ ਕੰਮ ਕਰਨਾ

**B.**

ਅਜਿਹੇ ਤਰੀਕੇ ਨਾਲ ਕੰਮ ਕਰਨਾ ਜੋ ਲੋਕਾਂ ਨਾਲ ਇੱਜ਼ਤ ਅਤੇ ਆਦਰ ਨਾਲ ਪੇਸ਼ ਆਉਂਦਾ ਹੈ ਅਤੇ ਉਹਨਾਂ ਦੇ ਦੂਸਰਿਆਂ ਨਾਲੋਂ ਵੱਖਰੇ ਹੋਣ ਨੂੰ ਅਹਿਮੀਅਤ ਦਿੰਦਾ ਹੈ।

**C.**

ਲੋਕਾਂ ਦੀ ਪਰਦੇਦਾਰੀ ਵਾਸਤੇ ਆਦਰ ਨਾਲ ਕੰਮ ਕਰਨਾ।

**D.**

ਦੇਖਭਾਲ ਅਤੇ ਮੁਹਾਰਤ ਦੇ ਨਾਲ, ਦੇਖਭਾਲ, ਸਹਾਇਤਾ ਅਤੇ ਸੇਵਾਵਾਂ ਨੂੰ ਸੁਰੱਖਿਅਤ ਅਤੇ ਸਮਰੱਥ ਤਰੀਕੇ ਨਾਲ ਪ੍ਰਦਾਨ ਕਰਵਾਉਣਾ

**E.**

ਅਖੰਡਤਾ, ਈਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਕੰਮ ਕਰਨਾ।

**F.**

ਉਹਨਾਂ ਮਾਮਲਿਆਂ ਬਾਰੇ ਸ਼ੰਕਿਆਂ ਨੂੰ ਉਠਾਉਣ ਅਤੇ ਇਹਨਾਂ 'ਤੇ ਕਾਰਵਾਈ ਕਰਨ ਲਈ ਤੁਰੰਤ ਕਦਮ ਉਠਾਉਣਾ ਜੋ ਦੇਖਭਾਲ, ਸਹਾਇਤਾ ਅਤੇ ਸੇਵਾਵਾਂ ਦੀ ਗੁਣਵੱਤਾ ਅਤੇ ਸੁਰੱਖਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ।

**G.**

ਦੇਖਭਾਲ, ਸਹਾਇਤਾ ਅਤੇ ਸੇਵਾਵਾਂ ਹੇਠ ਲਿਖਿਆਂ ਤੋਂ ਬਿਨਾਂ ਪ੍ਰਦਾਨ ਕਰਵਾਉਣਾ:

i. ਹਿੰਸਾ, ਵਿਤਕਰੇ, ਸ਼ੋਸ਼ਣ, ਅਣਗਹਿਲੀ ਅਤੇ ਦੁਰਵਿਵਹਾਰ ਦੀਆਂ ਸਾਰੀਆਂ ਕਿਸਮਾਂ ਅਤੇ
ii. ਜਿਨਸੀ ਦੁਰਵਿਵਹਾਰ।

**H.**

ਹੇਠ ਲਿਖਿਆਂ ਦੀ ਰੋਕਥਾਮ ਕਰਨ ਲਈ ਸਾਰੇ ਵਾਜਬ ਕਦਮ ਉਠਾਉਣੇ ਅਤੇ ਇਹਨਾਂ ਦਾ ਜਵਾਬ ਦੇਣਾ:

i. ਹਿੰਸਾ, ਵਿਤਕਰੇ, ਸ਼ੋਸ਼ਣ, ਅਣਗਹਿਲੀ ਅਤੇ ਦੁਰਵਿਵਹਾਰ ਦੀਆਂ ਸਾਰੀਆਂ ਕਿਸਮਾਂ ਅਤੇ
ii. ਜਿਨਸੀ ਦੁਰਵਿਵਹਾਰ।

ਹੋਰ ਪਤਾ ਕਰੋ:

**ਬਜ਼ੁਰਗਾਂ ਲਈ ਦੇਖਭਾਲ ਦੀ ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ**

agedcarequality.gov.au/providers/code-conduct-aged-care-information-workers

**ਦਸੰਬਰ 2022**
ACR-COC-021

Aged care reforms